## ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ।

### ਦਫਤਰੀ ਹੁਕਮ

ਨੰ: 4ਐਮਈ 2-ਪੰ:-15/ 6787 ਮਿਤੀ, ਚੰਡੀਗੜ੍ਹ:- 29-04-15

ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਿਸਾਂ ਨੂੰ ਪਰਵਾਨ ਕਰਦੇ ਹੋਏ ਸ੍ਰੀ ਕੁਲਦੀਪ ਸਿੰਘ, ਵਾਰਡ ਅਟੈਂਡੈਂਟ, ਐਮ.ਜੀ.ਟੀ.ਬੀ.ਹਸਪਤਾਲ, ਅਮ੍ਰਿਤਸਰ ਦੀ ਤਰੱਕੀ ਬਤੌਰ ਲਬਾਟਰੀ ਅਟੈਂਡੈਂਟ ਤਨਖਾਹ ਸਕੇਲ ਰੁਪਏ 5910- 20200 ਜਮਾ 1900 ਰੁਪਏ ਗਰੇਡ ਪੇ ਵਿਚ ਆਰਜੀ ਤੌਰ ਤੇ ਕੀਤੀ ਜਾਂਦੀ ਹੈ ਅਤੇ ਕਰਮਚਾਰੀ ਦੀ ਤਰੱਕੀ ਉਪਰੰਤ ਤੈਨਾਤੀ ਸਰਕਾਰੀ ਮੈਡੀਕਲ ਕਾਲਜ, ਅਮ੍ਰਿਤਸਰ ਵਿਖੇ ਖਾਲੀ ਅਸਾਮੀ ਵਿਰੁੱਧ ਕੀਤੀ ਜਾਂਦੀ ਹੈ। ਇਹ ਤਰੱਕੀ ਹੇਠ ਲਿਖੀ ਸਰਤਾਂ ਤੇ ਕੀਤੀ ਜਾਂਦੀ ਹੈ: -

1. ਕਰਮਚਾਰੀ ਨੂੰ ਇਕ ਸਾਲ ਦੇ ਸਮੇਂ ਲਈ ਪਰਖ ਕਾਲ ਸਮੇਂ ਉਤੇ ਰਖਿਆ ਜਾਂਦਾ ਹੈ ।
2. ਇਹ ਤੱਰਕੀ ਬਿਲਕੁਲ ਆਰਜੀ ਤੌਰ ਤੇ ਕੀਤੀ ਜਾਂਦੀਆਂ ਹਨ, ਇਹ ਪੱਦ ਉਨਤੀਆਂ ਪ੍ਰਬੰਧਕੀ ਜਰੂਰਤਾਂ ਦੇ ਆਧਾਰ ਤੇ ਮੁੜ ਵਿਚਾਰਿਆ ਜਾਂ ਸਕਦੀਆਂ ਹਨ।
3. ਇਹ ਹੁਕਮ 85 ਵੀਂ ਸਵਿਧਾਨਿਕ ਸੋਧ ਨੂੰ ਲਾਗੂ ਕਰਨ ਬਾਰੇ ਸਰਕਾਰ ਵਲੋਂ ਲਏ ਗਏ ਫੈਸਲੇ ਤੇ ਅਧਾਰਤ ਹੋਣਗੇ।
4. ਇਹ ਹੁਕਮ ਵਖ-2 ਅਦਾਲਤਾਂ ਵਿਚ ਚਲ ਰਹੇ ਕੋਰਟ ਕੇਸਾਂ ਵਿਚ ਹੋਣ ਵਾਲੇ ਫੈਸਲਿਆਂ ਜਾ ਰਿਕਾਰਡ ਦੇ ਆਧਾਰ ਤੇ ਜਾਂ ਸੀਨੀਆਰਤਾ ਬਾਰੇ ਜਾਂ ਕੋਈ ਹੋਰ ਨਵੇਂ ਤਥ/ ਰਿਕਾਰਡ ਕਿਸੇ ਕਰਮਚਾਰੀ ਬਾਰੇ ਧਿਆਨ ਵਿਚ ਆਉਦੇਂ ਹਨ ਜਾਂ ਲਿਆਂਦੇ ਜਾਂਦੇ ਹਨ ਤਾਂ ਉਸਦੀ ਕੀਤੀ ਗਈ ਪੱਦ ਉਨਤੀ ਬਾਰੇ ਮੁੜ ਵਿਚਾਰ ਕੀਤਾ ਜਾਵੇਗਾ।
5. ਕਰਮਚਾਰੀ ਨੂੰ ਇਹਨਾਂ ਹੁਕਮਾਂ ਦੀ ਪਾਲਣਾਂ ਵਿਚ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣ ਲਈ ਤੁਰੰਤ ਰਲੀਵ ਕਰ ਦਿਤਾ ਜਾਵੇ ਅਤੇ ਕਰਮਚਾਰੀਆਂ ਨੂੰ ਇਹ ਹੁਕਮ ਜਾਰੀ ਹੋਣ ਦੇ 15 ਦਿਨਾਂ ਦੇ ਅੰਦਰ ਅੰਦਰ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣਾ ਪਵੇਗਾ ਜੇਕਰ ਕੋਈ ਕਰਮਚਾਰੀ ਮਿਥੇ ਸਮੇਂ ਦੇ ਅੰਦਰ ਅੰਦਰ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਨਹੀਂ ਹੁੰਦਾਂ ਤਾਂ ਕਰਮਚਾਰੀ ਨੂੰ ਭਵਿਖ ਵਿਚ ਇਸ ਤਰਕੀ ਤੇ ਵਿਚਾਰਨ ਹਿਤ 2 ਸਾਲ ਦੇ ਸਮੇਂ ਲਈ ਡੀਬਾਰ ਕੀਤਾ ਜਾਵੇਗਾ। ਜੇਕਰ ਉਪਰੋਕਤ ਕਰਮਚਾਰੀ ਦੀ ਤਰੱਕੀ ਨਾਂ ਹੁੰਦੀ ਤਾਂ ਇਸ ਕਰਮਚਾਰੀ ਨੇ ਹੇਠਲੇ ਕਾਡਰ ਦੀ ਆਪਣੀ ਮੌਜੂਦਾ ਅਸਾਮੀ ਤੇ ਹੀ ਕੰਮ ਕਰਦੇ ਰਹਿਣਾ ਸੀ।

28/4/15

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।
ਮਿਤੀ ਚੰਡੀਗੜ੍ਹ:-

ਪਿੱਠ ਅੰ:ਨੰ:4ਐਮ.ਈ.2-ਪੰ:15/

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੀ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ, ਕਰਮਚਾਰੀ ਦੇ ਤੱਰਕੀ ਉਪਰੰਤ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣ ਸੰਬਧੀ ਰਵਾਨਗੀ/ ਹਾਜਰੀ ਰਿਪੋਟ ਇਸ ਦਫਤਰ ਨੂੰ ਭੇਜੀ ਜਾਵੇ ਅਤੇ ਜੇਕਰ ਕਰਮਚਾਰੀ/ ਕਰਮਚਾਰਣ ਮਿੱਥੇ ਸਮੇਂ ਦੇ ਅੰਦਰ-2 ਹਾਜਰ ਨਹੀਂ ਹੁੰਦਾਂ ਤਾਂ ਇਹ ਰਿਪੋਰਟ ਇਸ ਦਫਤਰ ਨੂੰ ਤੁਰੰਤ ਭੇਜੀ ਜਾਵੇ:-

1. ਮੈਡੀਕਲ ਸੁਪਰਡੰਟ, ਐਸ.ਜੀ.ਟੀ.ਬੀ.ਹਸਪਤਾਲ, ਅਮ੍ਰਿਤਸਰ ।
2. ਪ੍ਰਿਸੀਪਲ, ਸਰਕਾਰੀ ਮੈਡੀਕਲ ਕਾਲਜ, ਅਮ੍ਰਿਤਸਰ।
3. ਸ੍ਰੀ ਕੁਲਦੀਪ ਸਿੰਘ, ਬੇਅਰਰ, ਐਸ.ਜੀ.ਟੀ.ਬੀ.ਹਸਪਤਾਲ, ਅਮ੍ਰਿਤਸਰ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।